8

# ਖ਼ੁਦਾ ਦੀ ਮਰਜ਼ੀ

ਧਰਤੀ ਤੇ ਇੱਕੋ ਇਕ ਸੁਰੱਖਿਤ ਥਾਂ ਖ਼ੁਦਾ ਦੀ ਮਰਜ਼ੀ ਦੇ ਵਿਚਕਾਰ ਹੈ। ''ਪਹਿਲਾਂ ਤੁਸੀਂ ਪਰਮੇਸ਼ੁਰ ਦੇ ਰਾਜ ਅਤੇ ਉਹਦੇ ਧਰਮ ਦੀ ਭਾਲ ਕਰੋ'' (ਮੱਤੀ 6:33)। *ਰਾਜ* ਪਹਿਲਾਂ ਹੀ ਆਉਂਦਾ ਹੈ। ਯਿਸੂ ਨੇ ਇਹ ਵੀ ਆਖਿਆ, ''ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈਂ''(26:39); ''... ਵੇਖ ਮੈਂ ਆ ਗਿਆ ਹਾਂ, ... ਤਾਂ ਜੋ ਹੇ ਪਰਮੇਸ਼ੁਰ ਤੇਰੀ ਇੱਛਾ ਪੂਰੀ ਕਰਾਂ'' (ਇਬਰਾਨੀਆਂ 10:7; ਵੇਖੋ ਆਇਤ 9); '' ਤੇਰੀ ਮਰਜ਼ੀ ਜਿਹੀ ਸੁਰਗ ਵਿਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ''(ਮੱਤੀ 6:10)। ਰੂਹਾਨੀਅਤ ਸਾਡੀ ਧਾਰਮਿਕ ਸੱਭਿਅਤਾ ਉੱਤੇ ਭਾਰੂ ਹੋਣ ਦੇ ਬਾਵਜੂਦ ਖ਼ੁਦਾ ਦੀ ਮਰਜ਼ੀ ਬਾਰੇ ਬਹੁਤ ਘੱਟ ਦੱਸਿਆ ਜਾਂਦਾ ਹੈ। ਕੁਝ ਹੀ ਲੋਕ ਸਮਝਦੇ ਹੋਣਗੇ ਕਿ ਸਾਡੇ ਰੋਜ਼ ਮਰਾੱ ਦੇ ਵਿਹਾਰਾਂ ਅਤੇ ਕਾਰਜਾਂ ਵਿਚ ਕਿੰਨੀ ਤਾਕਤ ਹੈ। ਇਕ ਮਸੀਹੀ ਆਦਮੀ ਨੂੰ ''ਡਿਊਟੀ ਤੋਂ ਛੁੱਟੀ'' ਕਦੇ ਨਹੀਂ ਮਿਲਦੀ। ਖ਼ੁਦਾ ਦੇ ਨਾਲ ਜ਼ਿੰਦਗੀ ਕਦੇ ਵੀ ਅਸਾਨ ਨਹੀਂ ਹੈ, ਕਦੇ ਇਕ ਸਾਰ ਨਹੀਂ ਹੈ, ਕਦੇ ਪੂਰੀ ਨਹੀਂ ਹੁੰਦੀ। ਸਾਡੇ ਲਈ ਅੱਗੇ ਵਧਦੇ ਹੋਏ ਚੜ੍ਹਾਈ ਚੜ੍ਹਦੇ ਰਹਿਣਾ ਜ਼ਰੂਰੀ ਹੈ।

ਬਹੁਤ ਸਾਰੇ ਲੋਕ ਖ਼ੁਦਾ ਦੀ ਮਰਜ਼ੀ ਵਿਚ ਕਿਸੇ ਤਰ੍ਹਾਂ ਦੀ ਦਿਲਚਸਪੀ ਲਏ ਬਗੈਰ ਧਾਰਮਿਕ ਹੋਣ ਦੀ ਕੋਸ਼ਿਸ਼ ਕਿਉਂ ਕਰਦੇ ਹਨ? ਗਲਤ ਧਾਰਣਾਵਾਂ ਕਰਕੇ:

(1) ਕੁਝ ਲੋਕਾਂ ਨੂੰ ਲਗਦਾ ਹੈ ਕਿ ਖ਼ੁਦਾ ਦੀ ਮਰਜ਼ੀ ਵਧੀਆ ਨਹੀਂ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਆਪਣੇ ਆਪ ਨੂੰ ਖ਼ੁਸ਼ ਰੱਖਣ ਲਈ ਉਹ ਜੋ ਵੀ ਚਾਹੁਣ, ਉਨ੍ਹਾਂ ਨੂੰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਖ਼ੁਦਾ ਦੀ ਮਰਜ਼ੀ ਪੂਰੀ ਕਰਨ ਦਾ ਮਤਲਬ ਦੁਖੀ ਹੋਣਾ ਹੈ। ਸ਼ੈਤਾਨ ਸਾਨੂੰ ਦੱਸਦਾ ਹੈ ਕਿ ਖ਼ੁਦਾ ਸਾਡੀ ਜ਼ਿੰਦਗੀ ਵਿੱਚੋਂ ਰੰਗਰਲੀਆਂ ਖੋਹ ਲੈਂਦਾ ਹੈ। ਵਫ਼ਾਦਾਰ ਹੋਣ ਦਾ ਦਾਅਵਾ ਕਰਦੇ ਬਹੁਤ ਸਾਰੇ ਲੋਕ ਮਸੀਹੀ ਆਨੰਦ ਤੋਂ ਵਾਂਝੇ ਹਨ! ਕੌਣ ਅਜਿਹਾ ਚਾਹੁੰਦਾ ਹੈ? ਖ਼ੁਦਾ ਦੀ ਮਰਜ਼ੀ ਨੂੰ ਪਾਉਣ ਲਈ ਪਹਿਲਾਂ ਖ਼ੁਦਾ ਨੂੰ ਪਾਉਣਾ ਜ਼ਰੂਰੀ ਹੈ। ਖ਼ੁਦਾ ਭਲਾ ਹੈ। ਖ਼ੁਦਾ ਤੇ ਭਰੋਸਾ ਕੀਤਾ ਜਾ ਸਕਦਾ ਹੈ। ਖ਼ੁਦਾ ਸਾਡੀ ਭਲਿਆਈ ਹੀ ਚਾਹੁੰਦਾ ਹੈ। ਉਹ ਮਸੀਹੀ ਜਿਸ ਨੂੰ ਆਪਣੀ ਜ਼ਿੰਦਗੀ ਵਿਚ ਖ਼ੁਦਾ ਦੀ ਭਲਿਆਈ ਨਜ਼ਰ ਨਹੀਂ ਆਉਂਦੀ, ਅੰਨ੍ਹਾ ਹੈ। ਉਹ ਸਭ ਤੋਂ ਵਧੀਆ ਗੱਲ ਹੈ ਜੋ ਸਾਡੇ ਨਾਲ ਹੋ ਸਕਦੀ ਹੈ। ਖ਼ੁਦਾ ਨੂੰ ਖ਼ੁਦਾ ਰਹਿਣ ਦਿਓ!

ਖ਼ੁਦਾ ਦੀ ਮਰਜ਼ੀ ਨੂੰ ਜਾਣ ਲੈਣਾ ਸਭ ਤੋਂ ਵੱਡਾ ਗਿਆਨ ਹੈ।
ਖ਼ੁਦਾ ਦੀ ਮਰਜ਼ੀ ਨੂੰ ਪਾ ਲੈਣਾ ਸਭ ਤੋਂ ਵੱਡੀ ਖੋਜ ਹੈ।
ਖ਼ੁਦਾ ਦੀ ਮਰਜ਼ੀ ਨੂੰ ਪੂਰਾ ਕਰਨਾ ਸਭ ਤੋਂ ਵੱਡੀ ਸਿਆਣਪ ਹੈ।

(2) ਇਕ ਹੋਰ ਗ਼ਲਤਫ਼ਹਿਮੀ ਇਹ ਹੈ ਕਿ ''ਖ਼ੁਦਾ ਕੋਲ ਮੇਰੀ ਪੂਰੀ ਜ਼ਿੰਦਗੀ ਦਾ ਨਕਸ਼ਾ ਬਣਿਆ ਹੋਇਆ ਹੈ।'' ਇਹ ਨਾ ਤਾਂ ਵਚਨ ਦੇ ਮੁਤਾਬਕ ਹੈ ਅਤੇ ਨਾ ਮੇਰੀ ਸਮਝ ਦੇ। ਖ਼ੁਦਾ ''ਨਕਸ਼ੇ ਬਣਾਉਣ ਦਾ ਕੰਮ'' ਨਹੀਂ ਕਰਦਾ, ਪਰ ''ਅਗਵਾਈ ਦੇਣ ਦਾ ਕੰਮ'' ਜ਼ਰੂਰ ਕਰਦਾ ਹੈ। ਅਬਰਾਹਾਮ ਇਸ ਗੱਲ ਤੋਂ ਅਣਜਾਣ ਕਿ ਕਿਧਰ ਨੂੰ ਜਾ ਰਿਹਾ ਹੈ ਨਿੱਕਲ ਪਿਆ ਸੀ। ਯਿਸੂ ਨੇ ਸਿਰਫ਼ ਇੱਕੋ ਹੁਕਮ ਦਿੱਤਾ, ''ਮੇਰੇ ਪਿੱਛੇ ਹੋ ਤੁਰ।'' ਇਹ ਵਿਸ਼ਵਾਸ ਦਾ ਸਾਡਾ ਰੋਜ਼ ਦਾ ਜੋਖਿਮ ਹੈ। ਸਵਾਲ ਇਹ ਨਹੀਂ ਹੈ ਕਿ ''ਮੇਰੀ ਜ਼ਿੰਦਗੀ ਲਈ ਖ਼ੁਦਾ ਦੀ ਕੀ ਮਰਜ਼ੀ ਹੈ?'' ਬਲਕਿ ਇਹ ਹੈ ਕਿ ''ਖ਼ੁਦਾ ਦੀ

ਮਰਜ਼ੀ ਕੀ ਹੈ?'' ਖ਼ੁਦਾ ਦੀ ਮਰਜ਼ੀ ਸਾਨੂੰ ਖ਼ਾਸ ਢੰਗ ਨਾਲ ਅਗਵਾਈ ਦੇਣ ਦੀ ਨਹੀਂ ਹੈ, ਕਿਉਂਕਿ ਉਹ ਐਲਾਨ ਕਰਦਾ ਹੈ, ''ਮੈਨੂੰ ਆਪਣੀ ਜ਼ਿੰਦਗੀ ਦੇ ਦਿਓ।'' ਖ਼ੁਦਾ ਸਾਡੀ ਅਗਵਾਈ ਸਾਡੀ ਮਰਜ਼ੀ ਨਾਲੋਂ ਵੱਧ ਕਰਨਾ ਚਾਹੁੰਦਾ ਹੈ। ਸਾਡਾ ਸੱਦਿਆ ਜਾਣਾ, ਲੇਖ ਨੂੰ ਫੇਰ ਤੋਂ ਲਿਖਣ ਲਈ ਨਹੀਂ ਬਲਕਿ ਆਪਣੀ ਭੂਮਿਕਾ ਨੂੰ ਲੱਭ ਕੇ ਉਸ ਨੂੰ ਪੂਰਾ ਕਰਨ ਵਾਸਤੇ ਹੈ। ਸਾਨੂੰ ਖ਼ੁਦਾ ਤੇ ਆਪਣੀ ਮਰਜ਼ੀ ਪੂਰੀ ਕਰਨ ਦਾ ਦਬਾਅ ਨਹੀਂ ਪਾਉਣਾ ਚਾਹੀਦਾ, ਬਲਕਿ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਖ਼ੁਦਾ ਕਿੱਥੇ ਕੰਮ ਕਰ ਰਿਹਾ ਹੈ ਤਾਂ ਜੋ ਅਸੀਂ ਉਸ ਦੇ ਕੰਮ ਵਿਚ ਲਗ ਜਾਈਏ।

(3) ਖ਼ੁਦਾ ਦੀ ਅਗਵਾਈ ਬਾਰੇ ਵੀ ਲੋਕ ਉਲਝਣ ਵਿਚ ਹਨ। ਮੈਂ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ''ਖ਼ੁਦਾ ਨੇ ਮੈਨੂੰ ਦੱਸਿਆ ਹੈ।'' ਭਲਾ ਉਹ ਨਬੀ ਹਨ? ਭਲਾ ਉਨ੍ਹਾਂ ਨੂੰ ਖ਼ੁਦਾ ਦੀ ਪ੍ਰੇਰਣਾ ਮਿਲੀ ਹੈ? ਭਲਾ ਉਹ ਉਸ ਦੇ ਵਚਨ ਵਿਚ ਕੁਝ ਜੋੜ ਸਕਦੇ ਹਨ? ਜਦ ਲੋਕ ਗ਼ਲਤ ਢੰਗ ਨਾਲ ਸੋਚਦੇ ਹਨ ਤਾਂ ਉਨ੍ਹਾਂ ਨੂੰ ਪ੍ਰਚਾਰ ਕਰਨ ਲਈ, ਮਿਸ਼ਨਰੀ ਬਣਨ ਲਈ, ਕਲੀਸੀਆ ਦੀ ਹਕੂਮਤ ਬਣਾਉਣ ਲਈ ਬੁਲਾਹਟ ਹੋਈ ਹੈ, ਤਾਂ ਆਫ਼ਤ ਆ ਜਾਂਦੀ ਹੈ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਖ਼ੁਦਾ ਦੀ ਸੇਵਾ ''ਉਸ ਦੇ ਸਲਾਹਕਾਰ'' ਬਣ ਕੇ ਕਰਨੀ ਚਾਹੁੰਦੇ ਹਨ। ਜ਼ਿੰਦਗੀ ਪੰਸਾਰੀ ਦੀ ਦੁਕਾਨ ਨਹੀਂ ਹੈ ਜਿੱਥੋਂ ਸਾਡਾ ਜੋ ਮਨ ਕਰੇ ਚੁੱਕੀ ਜਾਈਏ। ਸਾਡੀ ਪੂਰੀ ਜ਼ਿੰਦਗੀ ਖ਼ੁਦਾ ਦੇ ਇਖ਼ਤਿਆਰ ਵਿਚ ਹੈ। ਅਸੀਂ ਖ਼ੁਦਾ ਦੇ ਕਦਮਾਂ ਵਿਚ ਬੈਠੇ ਹਾਂ, ਉਹਦੀ ਬਗਲ ਵਿਚ ਨਹੀਂ। ਇਹ ਜਾਣ ਕੇ ਤੁਸੀਂ ਹੈਰਾਨ ਹੋ ਜਾਵੋਗੇ ਕਿ ਬਾਈਬਲ ਵਿਚ ਖ਼ੁਦਾ ਦੀ ਮਰਜ਼ੀ ਕਿੰਨੀ ਮਿਲਦੀ ਹੈ। ਬਾਈਬਲ ਸੁਭਾਅ ਅਤੇ ਪਵਿੱਤਰਤਾ ਬਾਰੇ ਹੈ, ਸਾਡੇ ਬਾਰੇ ਹੈ। ਖ਼ੁਦਾ ਦੀ ਬੁੱਧ ਸਮਝਦਾਰੀ, ਹੁਸ਼ਿਆਰੀ ਜਾਂ ਕਾਬਲੀਅਤ ਵਿਚ ਨਹੀਂ, ਬਲਕਿ ਸੁਭਾਅ ਤੋਂ ਪਤਾ ਲਗਦੀ ਹੈ। ''ਜਿਹੜੀ ਬੁੱਧ ਉੱਪਰੋਂ ਹੈ ਉਹ ਤਾਂ ਪਹਿਲਾਂ ਪਵਿੱਤਰ, ਫਿਰ ਮਿਲਣਸਾਰ, ਸ਼ਲੀਨਤਾ ਨਾਲ ਭਰਪੂਰ, ਦੁਆਇਤ ਭਾਵ ਤੋਂ ਰਹਿਤ ਅਤੇ ਨਿਸ਼ਕਪਟ ਹੁੰਦੀ ਹੈ'' (ਯਾਕੂਬ 3:17)। ਦੁੱਧ ਪੀਣ ਤੋਂ ਮਾਸ ਖਾਣ ਵਾਲੇ ਹੋ ਜਾਣ ਵਾਲੇ ਮਸੀਹੀ ਲੋਕਾਂ ਦੀਆਂ ਗਿਆਨ ਇੰਦਰੀਆਂ ਅਭਿਆਸ ਨਾਲ ਭਲੇ ਅਤੇ ਬੁਰੇ ਦੀ ਪਛਾਣ ਕਰਨ ਦੇ ਯੋਗ ਹੋ ਗਈਆਂ ਹਨ (ਇਬਰਾਨੀਆਂ 5:11–14)। *ਪਹਿਲਾਂ* ਵਚਨ ਵਿਚ ਜਾਓ। ''ਮੈਂ ਤੇਰੇ ਵਚਨ ਨੂੰ ਆਪਣੇ ਦਿਲ ਵਿਚ ਰੱਖ ਛੱਡਿਆ ਹੈ ਤਾਂ ਜੋ ਤੇਰਾ ਪਾਪ ਨਾ ਕਰਾਂ'' (ਜ਼ਬੂਰ 119:11)।

ਬਾਇਬਲ ਇਹ ਨਹੀਂ ਦੱਸਦੀ ਕਿ ਅਸੀਂ ਕਿੱਥੇ ਰਹੀਏ ਜਾਂ ਕੀ ਕੰਮ ਕਰੀਏ। ਖ਼ੁਦਾ ਉਪਾਅ ਦੇ ਰਾਹੀਂ ਵੀ ਸਾਡੀ ਅਗਵਾਈ ਕਰਦਾ ਹੈ। ਹੋ ਸਕਦਾ ਹੈ ਕਿ ਕੋਈ ਗੱਲ ਖ਼ੁਦਾ ਦੀ ਮਰਜ਼ੀ ਅਨੁਸਾਰ ਨਾ ਹੋਵੇ, ਪਰ ਇਸ ਵਿਚ ਉਹਦੀ ਮਰਜ਼ੀ ਜ਼ਰੂਰ ਹੈ। ਉਹ ਚਾਹੁੰਦਾ ਹੈ ਕਿ ਅਸੀਂ ਉਸ ਦੀ ਮਰਜ਼ੀ ਨੂੰ ਜਾਣ ਲਈਏ। ਉਹ ਸਾਨੂੰ ਆਪਣੀ ਮਰਜ਼ੀ ਪੂਰੀ ਕਰਨ ਦੀ ਸ਼ਕਤੀ ਦਿੰਦਾ ਹੈ। ''ਜੇ ਕੋਈ ਉਹ ਦੀ ਮਰਜ਼ੀ ਪੂਰੀ ਕਰਨੀ ਚਾਹੇ ਤਾਂ ਉਹ ਇਸ ਸਿੱਖਿਆ ਦੇ ਵਿਖੇ ਜਾਣੇਗਾ'' (ਯੂਹੰਨਾ 7:17)। ਸਾਡੇ ਵਿੱਚੋਂ ਕਿੰਨੇ ਲੋਕ ਉਸ ਦੀ ਮਰਜ਼ੀ ਤੇ ਵਿਚਾਰ ਕਰਨ ਲਈ ਪੰਜ ਮਿਨਟ ਦਿੰਦੇ ਹਨ? ਹੋਰ ਭਾਲ ਕਰੋ ... ਦੁਆ ਕਰੋ ... ਮੁਲਾਂਕਣ ਕਰੋ। ਖ਼ੁਦਾ ਆਪਣੇ ਆਪ ਨੂੰ ਉਨ੍ਹਾਂ ਉੱਤੇ ਜ਼ਾਹਿਰ ਕਰਦਾ ਹੈ ਜਿਹੜੇ ਕੋਸ਼ਿਸ਼ ਕਰਦੇ ਹਨ। ਖ਼ੁਦਾ ਤੋਂ ਇਹ ਆਸ ਨਾ ਰੱਖੋ ਕਿ ਜੇ ਅੱਜ ਅਸੀਂ ਉਸ ਦੀ ਮਰਜ਼ੀ ਪੂਰੀ ਨਹੀਂ ਕਰ ਰਹੇ ਤਾਂ ਕੱਲ੍ਹ ਨੂੰ ਉਹ ਤੁਹਾਨੂੰ ਆਪਣੀ ਮਰਜ਼ੀ ਦੱਸ ਦਏ!